**ਅਕਾਦਮਿਕ ਸਾਲ 2024-2025**

**ਵਿਸ਼ਾ- ਲੋਕ ਪ੍ਰਸ਼ਾਸਨ**

**ਸ਼੍ਰੇਣੀ- ਬਾਰ੍ਹਵੀਂ**

**ਮਾਡਲ ਪੇਪਰ**

**ਸਮਾਂ : 3 ਘੰਟੇ** **ਕੁਲ ਅੰਕ: 80**

**ਭਾਗ- ੳ**

**ਪ੍ਰਸ਼ਨ-1: ਸਾਰੇ ਵੀਹ ਉਪ ਭਾਗ ਲਾਜ਼ਮੀ ਹਨ। ਉੱਤਰ ਇਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ। 1× 20=20**

I. ਭਰਤੀ ਦਾ ਅਰਥ ਲਿਖੋ।

II. ਆਲ ਇੰਡੀਆ ਅਤੇ ਕੇਂਦਰੀ ਸੇਵਾਵਾਂ ਵਿੱਚ ਉਮੀਦਵਾਰਾਂ ਦੀ ਭਰਤੀ ਲਈ ਕਿਹੜੀ ਏਜੰਸੀ ਜ਼ਿੰਮੇਵਾਰ ਹੈ?

(ੳ) UPSC (ਅ) SPSC

(ੲ) HPSC (ਸ) PPSC

III. ਆਮ ਸ਼੍ਰੇਣੀ ਦੇ ਉਮੀਦਵਾਰਾਂ ਲਈ ਅਈ ਏ ਐਸ (IAS) ਦੀ ਪ੍ਰੀਖਿਆ ਲਈ ਕਿੰਨੇ ਮੌਕੇ ਦਿੱਤੇ ਜਾਂਦੇ ਹਨ?

(ੳ) 4 (ਅ) 6

(ੲ) 8 (ਸ) 9

IV. ਕੀ ਮਹਿਲਾ ਉਮੀਦਵਾਰਾਂ ਲਈ UPSC ਵਿੱਚ ਪ੍ਰੀਖਿਆਵਾਂ ਲਈ ਉਮਰ ਵਿੱਚ ਕੋਈ ਛੋਟ ਹੈ?

(ੳ) ਹਾਂ (ਅ) ਨਹੀਂ

(ੲ) ਪਤਾ ਨਹੀਂ (ਸ) ਪਹਿਲਾਂ ਸੀ, ਹੁਣ ਨਹੀਂ

V. ਹੁਨਰ ਸਿਖਲਾਈ ਕੀ ਹੈ?

VI. ਲਾਲ ਬਹਾਦੁਰ ਸ਼ਾਸਤਰੀ ਨੈਸ਼ਨਲ ਅਕੈਡਮੀ ਆਫ ਐਡਮਿਨਿਸਟ੍ਰੇਸ਼ਨ ਕਿੱਥੇ ਸਥਾਪਿਤ ਹੈ?

VII. ਪ੍ਰੋਮੋਸ਼ਨ ਸ਼ਬਦ ਦਾ ਅਰਥ ਹੈ _______

VIII. ਪਰਸਨੈਲਿਟੀ ਇਨਵੈਂਟਰੀ ਸਿਸਟਮ ਪਹਿਲੀ ਵਾਰ ਸੰਨ ________ਵਿੱਚ ਪੇਸ਼ ਕੀਤਾ ਗਿਆ ਸੀ।

(ੳ) 1927 (ਅ) 1930

(ੲ) 1945 (ਸ) 1950

IX. ਕਿਸ ਦੇਸ਼ ਨੇ ਪਹਿਲੀ ਵਾਰ ਗ੍ਰਾਫਿਕ ਰੇਟਿੰਗ ਸਿਸਟਮ ਦੀ ਵਰਤੋਂ ਕੀਤੀ ਸੀ?

(ੳ) ਭਾਰਤ (ਅ) USA

(ੲ) UK (ਸ) ਬਰਾਜ਼ੀਲ

X. ਆਲ ਇੰਡੀਆ ਸਿਵਲ ਸੇਵਾਵਾਂ ਵਿੱਚ ਕਿੰਨੀਆਂ ਸੇਵਾਵਾਂ ਸ਼ਾਮਲ ਹਨ ?

(ੳ) 02 (ਅ) 05

(ੲ) 04 (ਸ) 08

XI. ਸਰਕਾਰੀ ਕਰਮਚਾਰੀਆਂ ਵਿਰੁੱਧ ਕਿੰਨੀਆਂ ਕਿਸਮਾਂ ਦੀਆਂ ਅਨੁਸ਼ਾਸਨੀ ਕਾਰਵਾਈਆਂ ਹੋ ਸਕਦੀਆਂ ਹਨ।

(ੳ) 02 (ਅ) 05

(ੲ) 06 (ਸ) 08

XII. ਪਬਲਿਕ ਇੰਪਲਾਈਜ਼ ਐਸੋਸੀਏਸ਼ਨਾਂ ਦੇ ਕੋਈ ਦੋ ਉਦੇਸ਼ ਲਿਖੋ।

XIII. ਭਾਰਤ ਸਰਕਾਰ ਨੇ ਕਿਸ ਸਾਲ ਸਟਾਫ ਕੌਂਸਲ ਦੀ ਸ਼ੁਰੂਆਤ ਕੀਤੀ ਸੀ?

(ੳ) 1954 (ਅ) 1980

(ੲ) 1990 (ਸ) 2000

XIV. ਬਜਟ ਸ਼ਬਦ ਦੀ ਵਰਤੋਂ ਪਹਿਲੀ ਵਾਰ ਸੰਨ _______ ਵਿੱਚ ਕੀਤੀ ਗਈ ਸੀ।

(ੳ) 1680 (ਅ) 1733

(ੲ) 1950 (ਸ) 1980

XV. ਸਿੰਗਲ ਬਜਟ ਨੂੰ ਪਰਿਭਾਸ਼ਤ ਕਰੋ।

XVI. ਭਾਰਤੀ ਸੰਵਿਧਾਨ ਦੀ ਕਿਹੜੀ ਧਾਰਾ ਨੇ ਬਜਟ ਨੂੰ ਸਾਲਾਨਾ ਵਿੱਤੀ ਬਿਆਨ ਕਿਹਾ ਹੈ?

(ੳ) 111 (ਅ) 112

(ੲ) 180 (ਸ) 210

XVII. ਜ਼ੀਰੋ ਆਧਾਰਤ ਬਜਟ ਪਹਿਲਾਂ _______ ਦੇਸ਼ ਵਿੱਚ ਸ਼ੁਰੂ ਹੋਇਆ ?

XVIII. ਸੰਸਦ ਵਿੱਚ ਬਜਟ ਕੌਣ ਪੇਸ਼ ਕਰਦਾ ਹੈ?

(ੳ) ਪ੍ਰਧਾਨ ਮੰਤਰੀ (ਅ) ਵਿੱਤ ਮੰਤਰੀ

(ੲ) ਗ੍ਰਹਿ ਮੰਤਰੀ (ਸ) ਰਾਸ਼ਟਰਪਤੀ

XVIX. ਭਾਰਤ ਦਾ ਵਿੱਤੀ ਸਾਲ ਕੀ ਹੈ?

XX. ਪਾਲਿਸੀ ਕੱਟ ਮੋਸ਼ਨ ਕੀ ਹੈ?

## ਭਾਗ- ਅ

**ਪ੍ਰਸ਼ਨ-2. ਹੇਠ ਲਿਖਿਆਂ ਵਿਚੋਂ ਕੋਈ 6 ਪ੍ਰਸ਼ਨ ਕਰੋ। ਉੱਤਰ 80 ਤੋਂ 100 ਸ਼ਬਦਾਂ ਵਿੱਚ ਦਿਓ। 4×6 =24**

I. ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਕੰਮ ਲਿਖੋ।
II. ਲੋਕ ਲੇਖਾ ਕਮੇਟੀ ਦੀ ਚਰਚਾ ਬਾਰੇ ਚਰਚਾ ਕਰੋ।
III. ਲੇਖਾਕਾਰੀ ਦੇ ਸਿਧਾਂਤ ਲਿਖੋ।
IV. ਵਿਗਿਆਨਕ ਪ੍ਰਬੰਧਨ ਸਿਧਾਂਤ ਦੇ ਸਿਧਾਤਾਂ ਦੀ ਚਰਚਾ ਕਰੋ।
V. ਕੇਂਦਰੀਕਰਨ ਦੈ ਗੁਣ ਲਿਖੋ।
VI. ਲੀਡਰਸ਼ਿਪ ਦੀਆਂ ਕਿਸਮਾਂ ਦਾ ਵਿਸਥਾਰ ਕਰੋ।
VII. O & M ਦੇ ਕਾਰਜ ਲਿਖੋ।
VIII. ਪ੍ਰਸ਼ਾਸਨਿਕ ਕਾਨੂੰਨ ਦੀਆਂ ਵਿਸ਼ੇਸ਼ਤਾਵਾਂ ਨੂੰ ਲਿਖੋ।

## ਭਾਗ- ੲ

**ਨੋਟ : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ-ਇੱਕ ਹੱਲ ਕਰੋ। 8×3=24**

ਪ੍ਰਸ਼ਨ-3. ਆਲ ਇੰਡੀਆ ਸਰਵਿਸਤੋਂ ਕੀ ਭਾਵ ਹੈ ਅਤੇ ਇਸਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।

ਜਾਂ

ਬਜਟ ਤੋਂ ਕੀ ਭਾਵ ਹੈ? ਭਾਰਤ ਵਿੱਚ ਬਜਟ ਬਣਾਉਣ ਦੇ ਸਿਧਾਂਤਾਂ ਦੀ ਚਰਚਾ ਕਰੋ।

ਪ੍ਰਸ਼ਨ-4. ਕੰਪਟਰੋਲਰ ਅਤੇ ਆਡੀਟਰ ਜਨਰਲ ਅਹੁੱਦੇ ਦਾ ਸੰਵਿਧਾਨ ਵਿੱਚ ਜ਼ਿਕਰ ਕਿਸ ਅਨੁਛੇਦ ਅਧੀਨ ਹੈ ਅਤੇਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੇ ਕਾਰਜ ਲਿਖੋ।

ਜਾਂ

ਫੀਲਡ ਦਫਤਰਾਂ ਤੋ ਕੀ ਭਾਵ ਹੈ ਅਤੇ ਇਹਨਾਂ ਉੱਤੇ ਹੈੱਡਕੁਆਰਟਰ ਦੁਆਰਾ ਨਿਯੰਤਰਣ ਦੇ ਸਾਧਨਾਂ ਦੀ ਚਰਚਾ ਕਰੋ।

ਪ੍ਰਸ਼ਨ-5. ਸਹੀ ਫੈਸਲੇ ਲੈਣ ਲਈ ਜ਼ਰੂਰੀ ਕਾਰਕਾਂ ਦੀ ਚਰਚਾ ਕਰੋ।

ਜਾਂ

ਡੈਲੀਗੇਟਡ ਵਿਧਾਨ ਤੋਂ ਕੀ ਭਾਵ ਹੈ ਅਤੇ ਇਸ ਦੇ ਵਾਧੇ ਦੇ ਕਾਰਨ ਲਿਖੋ।

## ਭਾਗ - ਸ

**ਪ੍ਰਸ਼ਨ-6. ਹੇਠ ਦਿੱਤਾ ਪੈਰ੍ਹਾਂ ਪੜ੍ਹਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ। 2×6=12**
**= 12**

ਭਾਰਤ ਦਾ ਪ੍ਰਧਾਨ ਮੰਤਰੀ ਪ੍ਰਮੁੱਖ ਅਹੁਦਾ ਰੱਖਦਾ ਹੈ ਅਤੇ ਅਸਲ ਵਿੱਚ ਉਹ ਰਾਸ਼ਟਰਪਤੀ ਨਾਲੋ ਵਧੇਰੇ ਸ਼ਕਤੀਸ਼ਾਲੀ ਹੈ। ਪ੍ਰਧਾਨ ਮੰਤਰੀ ਦਾ ਦਫ਼ਤਰ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਸ਼ੁਰੂ ਹੋਇਆ ਸੀ ਅਤੇ ਸੰਵਿਧਾਨ ਦੇ ਨਿਰਮਾਤਾਵਾਂ ਦੁਆਰਾ ਉਧਾਰ ਲਿਆ ਗਿਆ ਸੀ। ਸਾਡੇ ਸੰਵਿਧਾਨ ਦੀ ਧਾਰਾ 74 (1) ਵਿੱਚ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਹੀ ਮੰਤਰੀ-ਮੰਡਲ ਦੇ ਮੁਖੀ ਹੋਣਗੇ। ਇਸ ਲਈ ਪ੍ਰਧਾਨ ਮੰਤਰੀ ਤੋਂ

ਬਿਨਾਂ ਬਾਕੀ ਕੋਈ ਮੰਤਰੀ ਕੰਮ ਨਹੀਂ ਕਰ ਸਕਦੇ। ਭਾਰਤ ਦੇ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਰਾਸ਼ਟਰਪਤੀ ਸੰਸਦ ਵਿੱਚ ਬਹੁਗਿਣਤੀ ਪਾਰਟੀ ਦੇ ਨੇਤਾ ਨੂੰ ਪ੍ਰਧਾਨ ਮੰਤਰੀ ਬਣਨ ਅਤੇ ਮੰਤਰੀ-ਮੰਡਲ ਬਨਾਉਣ ਲਈ ਸੱਦਾ ਦਿੰਦਾ ਹੈ। ਭਾਰਤ ਦਾ ਰਾਸ਼ਟਰਪਤੀ ਰਾਜ ਦਾ ਮੁਖੀ ਹੁੰਦਾ ਹੈ ਜਦੋਂ ਕਿ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੁੰਦਾ ਹੈ। ਭਾਰਤ ਦੇ ਰਾਸ਼ਟਰਪਤੀ ਕੋਲ ਹਾਲਾਂਕਿ ਕਈ ਕਾਰਜਕਾਰੀ ਸ਼ਕਤੀਆਂ ਹਨ ਪਰ ਅਸਲ ਵਿੱਚ ਉਹ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ‘ਤੇ ਹੀ ਕੰਮ ਕਰਦੇ ਹਨ। ਕੇਂਦਰ ਸਰਕਾਰ ਦੀਆਂ ਸਾਰੀਆਂ ਪ੍ਰਮੁੱਖ ਨਿਯੁਕਤੀਆਂ ਅਸਲ ਵਿੱਚ ਪ੍ਰਧਾਨ-ਮੰਤਰੀ ਦੁਆਰਾ ਕੀਤੀਆਂ ਜਾਂਦੀਆਂ ਹਨ ਅਤੇ ਸਾਰੀਆਂ ਪ੍ਰਮੁੱਖ ਫੈਸਲਾ ਲੈਣ ਵਾਲੀਆਂ ਸੰਸਥਾਵਾਂ ਜਿਵੇਂ ਕਿ ਕੇਂਦਰੀ ਮੰਤਰੀ-ਮੰਡਲ, ਯੋਜਨਾ ਕਮਿਸ਼ਨ, ਕੈਬਨਿਟ ਕਮੇਟੀ ਦੇ ਕੰਮ ਉਸ ਦੀ ਨਿਗਰਾਨੀ ਅਤੇ ਨਿਰਦੇਸ਼ਾਂ ਹੇਠ ਹੁੰਦੇ ਹਨ। ਪ੍ਰਧਾਨ ਮੰਤਰੀ ਮੰਤਰੀ-ਮੰਡਲ ਦਾ ਨੇਤਾ ਹੁੰਦਾ ਹੈ। ਅੰਤਰਰਾਸ਼ਟਰੀ ਸਬੰਧਾਂ ਵਿੱਚ ਪ੍ਰਧਾਨ ਮੰਤਰੀ ਨੂੰ ਦੇਸ਼ ਦਾ ਮੁੱਖ ਬੁਲਾਰਾ ਮੰਨਿਆ ਜਾਂਦਾ ਹੈ। ਉਸਦੇ ਬਿਆਨ ਹੰਦੇ ਹਨ, ਬਾਹਰੀ ਦੁਨੀਆਂ ਲਈ ਕੌਮ ਦੀਆਂ ਨੀਤੀਆਂ ਦੇ ਬਿਆਨ। ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਇਹ ਉਹ ਹੈ ਜੋ ਦੇਸ਼ ਲਈ ਬੋਲਦਾ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਰਾਸ਼ਟਰ ਦੀ ਵਿਦੇਸ਼ ਨੀਤੀ ਨੂੰ ਰੂਪ ਦਿੰਦੇ ਹਨ।

1. ਭਾਰਤ ਵਿੱਚ ਕੇਂਦਰੀ ਮੰਤਰੀ ਮੰਡਲ ਦੀ ਨਿਯੁਕਤੀ ਕੌਣ ਕਰਦਾ ਹੈ?
2. ਭਾਰਤੀ ਸੰਵਿਧਾਨ ਦੀ ਧਾਰਾ 74 ਕੀ ਹੈ?
3. ਭਾਰਤ ਦੇ ਪ੍ਰਧਾਨ ਮੰਤਰੀ ਦੇਸ਼ ਦਾ ਪ੍ਰਮੁੱਖ ਬੁਲਾਰਾ ਕਿਵੇਂ ਹੈ ?
4. ਰਾਜ ਦੇ ਮੁਖੀ ਅਤੇ ਸਰਕਾਰ ਦੇ ਮੁਖੀ ਇਸ ਵੇਲ਼ੇ ਕੌਣ-ਕੌਣ ਹਨ?
5. ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਕੌਣ-ਕੌਣ ਸਨ ?
6. ਪ੍ਰਧਾਨ ਮੰਤਰੀ ਦਾ ਦਫ਼ਤਰ ਸਭ ਤੋਂ ਪਹਿਲਾਂ ___________ ਵਿੱਚ ਸ਼ੁਰੂ ਹੋਇਆ ਤੇ ਭਾਰਤ ਵਿੱਚ ਸੰਨ ___________ ਵਿੱਚ ਸ਼ੁਰੂ ਹੋਇਆ।